BRAMPTON Flower City
brampton.ca

media release

14 ਫਰਵਰੀ, 2018

# ਸਿਟੀ ਆਫ ਬ੍ਰੈਂਪਟਨ ਪੂਰੇ ਦੇਸ਼ ਵਿੱਚ ਹੋਣ ਵਾਲੇ ਸਮਾਰਟ ਸਿਟੀਜ ਮੁਕਾਬਲੇ ਵਿੱਚ ਸ਼ਾਮਲ ਹੋਵੇਗਾ

ਬ੍ਰੈਂਪਟਨ, ਓਨਟੈਰੀਓ – ਦਲੇਰੀ ਅਤੇ ਨਵੀਨਤਾ 'ਤੇ ਧਿਆਨ ਕੇਂਦਰਿਤ ਕਰਨ ਦੇ ਨਾਲ, ਸਿਟੀ ਆਫ ਬ੍ਰੈਂਪਟਨ (City of Brampton) ਕੈਨੇਡਾ ਸਰਕਾਰ ਦੇ ਸਮਾਰਟ ਸਿਟੀਜ ਮੁਕਾਬਲੇ (Smart Cities Challenge) ਵਿੱਚ ਸ਼ਾਮਲ ਹੋਣ ਲਈ ਤਿਆਰ ਹੈ।

ਕੈਨੇਡਾ ਦੀਆਂ ਸਾਰੀਆਂ ਮਿਊਨਿਸਿਪਲਟੀਜ, ਸਥਾਨਕ ਜਾਂ ਖੇਤਰੀ ਸਰਕਾਰਾਂ ਅਤੇ ਸੁਦੇਸ਼ੀ ਭਾਈਚਾਰਿਆਂ (ਫਸਟ ਨੇਸ਼ਨਸ (First Nations), ਇਨਓਟ (Inuit) ਅਤੇ ਮੈਟਿਸ (Métis) ਲਈ ਖੁੱਲ੍ਹਾ, ਸਮਾਰਟ ਸਿਟੀਜ ਮੁਕਾਬਲਾ ਇੱਕ ਅਜਿਹਾ ਮੁਕਾਬਲਾ ਹੈ, ਜੋ ਭਾਈਚਾਰਿਆਂ ਨੂੰ ਨਵੀਨਤਾ, ਡੇਟੇ ਅਤੇ ਜੁੜੀ ਹੋਈ ਤਕਨੀਕ ਦੁਆਰਾ ਆਪਣੇ ਨਿਵਾਸੀਆਂ ਦੀਆਂ ਜ਼ਿੰਦਗੀਆਂ ਨੂੰ ਬਿਹਤਰ ਬਣਾਉਣ ਲਈ ਸਮਾਰਟ ਸ਼ਹਿਰਾਂ ਦੇ ਦ੍ਰਿਸ਼ਟੀਕੋਣ ਨੂੰ ਗ੍ਰਹਿਣ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਮੁਕਾਬਲੇ ਦੇ ਆਖ਼ਰੀ ਦੌਰ ਵਿੱਚ ਪਹੁੰਚਣ ਵਾਲੇ ਭਾਗੀਦਾਰ ਆਪਣੇ ਸਮਾਰਟ ਸਿਟੀਜ ਪ੍ਰਸਤਾਵਾਂ ਨੂੰ ਵਿਕਸਿਤ ਕਰਨ ਵਿੱਚ ਸਹਿਯੋਗ ਪ੍ਰਾਪਤ ਕਰਨਗੇ। ਜੇਤੂ ਭਾਈਚਾਰਿਆਂ ਨੂੰ ਉਹਨਾਂ ਪ੍ਰਸਤਾਵਾਂ ਨੂੰ ਲਾਗੂ ਕਰਨ ਵਿੱਚ ਮਦਦ ਲਈ ਅਬਾਦੀ ਦੇ ਆਕਾਰ ਦੇ ਆਧਾਰ 'ਤੇ ਇਨਾਮ ਦੀ ਰਕਮ ਦਿੱਤੀ ਜਾਏਗੀ। ਜੇਕਰ ਬ੍ਰੈਂਪਟਨ ਨੂੰ ਜੇਤੂ ਚੁਣਿਆ ਜਾਂਦਾ ਹੈ, ਤਾਂ ਇਹ $50 ਮਿਲੀਅਨ ਤੱਕ ਦੀ ਰਕਮ ਲਈ ਯੋਗ ਹੋਵੇਗਾ।

ਸਮਾਰਟ ਸ਼ਹਿਰਾਂ ਦੇ ਦ੍ਰਿਸ਼ਟੀਕੋਣ ਦਾ ਮਤਲਬ ਹੈ, ਡੇਟੇ ਅਤੇ ਜੁੜੀ ਹੋਈ ਤਕਨੀਕ ਦੀ ਵਰਤੋਂ ਦੁਆਰਾ ਨਿਵਾਸੀਆਂ ਲਈ ਅਰਥਪੂਰਨ ਨਤੀਜੇ ਹਾਸਲ ਕਰਨਾ। ਸਿਟੀ ਆਫ ਬ੍ਰੈਂਪਟਨ ਭਾਈਚਾਰੇ ਦੇ ਜੋਸ਼ੀਲੇਪਨ ਨੂੰ ਵਧਾਉਣ ਲਈ ਵੱਡਾ ਸੋਚਣ 'ਤੇ ਲਗਾਤਾਰ ਧਿਆਨ ਕੇਂਦਰਤ ਕਰਨ ਦੇ ਨਾਲ, ਭਵਿੱਖ ਲਈ ਤਿਆਰ (Future Ready) ਸ਼ਹਿਰ ਦਾ ਨਿਰਮਾਣ ਕਰਨ ਲਈ ਕੰਮ ਕਰਦੇ ਹੋਏ, ਸਕਿਰਿਆ ਰੂਪ ਨਾਲ ਇਸ ਦ੍ਰਿਸ਼ਟੀਕੋਣ ਦਾ ਅਨੁਸਰਨ ਕਰਦਾ ਹੈ। ਸਮਾਰਟ ਸ਼ਹਿਰਾਂ ਸਬੰਧੀ ਕੁਝ ਮੌਜੂਦਾ ਪਹਿਲਕਦਮੀਆਂ ਵਿੱਚ ਸ਼ਾਮਲ ਹਨ:

- ਬ੍ਰੈਂਪਟਨ ਜਿਓਹਬ (Brampton GeoHub), ਇੱਕ ਅਵਾਰਡ-ਜੇਤੂ ਓਪਨ ਡੇਟਾ ਮੰਚ ਅਤੇ ਸਹਿਯੋਗ ਤਕਨੀਕ ਹੈ, ਜੋ ਲੋਕਾਂ ਲਈ ਜਨਤਕ ਜਾਣਕਾਰੀ ਤੱਕ ਪਹੁੰਚ ਨੂੰ ਅਸਾਨ ਬਣਾਉਂਦੀ ਹੈ। ਜਿਓਹਬ ਦੀ ਵਿਸ਼ੇਸ਼ਤਾ ਪਹਿਲਕਦਮੀ-ਸੰਚਾਲਿਤ ਟੂਲਸ ਹਨ, ਜੋ ਪਾਰਦਰਸ਼ਕਤਾ ਨੂੰ ਵਧਾਉਣ ਅਤੇ ਨਵੀਨਤਾ ਨੂੰ ਪ੍ਰੋਤਸਾਹਿਤ ਕਰਨ ਵਿੱਚ ਮਦਦ ਕਰਦੇ ਹਨ।
- ਬਾਇ-ਲਾਅ ਐਨਫੋਰਸਮੈਂਟ (ਉਪ-ਕਨੂੰਨ ਲਾਗੂਕਰਣ) ਗਤੀਸ਼ੀਲ ਛਾਣਬੀਣਾਂ (ਮੋਬਾਈਲ ਇੰਸਪੈਕਸ਼ਨਸ) ਐਨਫੋਰਸਮੈਂਟ ਅਫ਼ਸਰਾਂ ਲਈ ਵੱਧ ਤੇਜ਼ ਪ੍ਰਤੀਕਿਰਿਆ ਸਮੇਂ ਨੂੰ ਸਮਰੱਥ ਕਰਦੀਆਂ ਹਨ। ਐਨਫੋਰਸਮੈਂਟ ਅਫ਼ਸਰਾਂ ਕੋਲ ਉਹਨਾਂ ਦੀ ਬੇਨਤੀ ਅਰਜ਼ੀ ਦੇ ਨਾਲ ਜੁੜਿਆ ਇੱਕ ਐਪ ਹੈ, ਜਿਸ ਨਾਲ ਉਹ ਖੇਤਰ ਵਿੱਚ ਹੋਣ ਦੇ ਸਮੇਂ ਆਪਣੇ ਸਮਾਰਟਫੋਨਾਂ ਤੋਂ ਨੋਟਸ ਅਤੇ ਫੋਟੋਆਂ ਵਾਲੀਆਂ ਸੇਵਾ ਬੇਨਤੀਆਂ ਨੂੰ ਅੱਪਡੇਟ ਕਰ ਸਕਦੇ ਹਨ। ਇਸ ਨਾਲ ਪ੍ਰਤੀ ਦਿਨ ਵੱਧ ਛਾਣਬੀਣਾਂ ਹੁੰਦੀਆਂ ਹਨ।
- ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਬੱਸਾਂ 'ਤੇ ਕੰਪਿਊਟਰ-ਏਡੇਡ ਡਿਸਪੈਚਿੰਗ (Computer-Aided Dispatching) (ਸੀ.ਏ.ਡੀ.) (CAD) ਅਤੇ ਆਟੋਮੈਟਿਕ ਵਹੀਕਲ ਲੋਕੇਸ਼ਨ (Automatic Vehicle Location) (ਏ.ਵੀ.ਐਲ.) (AVL)। ਇਹ ਅਸਲ-ਸਮੇਂ ਦੀ ਤਕਨੀਕ ਗਾਹਕਾਂ ਨੂੰ ਔਨਲਾਈਨ ਉਪਲਬਧ ਅਤੇ ਈਮੇਲ, ਟੈਕਸਟ ਅਤੇ ਫੋਨ ਰਾਹੀਂ ਅਗਲੀ ਬੱਸ ਬਾਰੇ ਅਸਲ-ਸਮੇਂ ਦੀ

ਜਾਣਕਾਰੀ ਵਾਲੀ ਇੱਕ ਭਰੋਸੇਯੋਗ, ਸੂਚਨਾਪੂਰਨ ਅਤੇ ਸੁਵਿਧਾਜਨਕ ਜਨਤਕ ਟ੍ਰਾਂਜ਼ਿਟ ਪ੍ਰਣਾਲੀ ਮੁਹੱਈਆ ਕਰਦੀ ਹੈ। ਟ੍ਰਾਂਜ਼ਿਟ ਸਿਗਨਲ ਤਰਜੀਹ (Transit Signal Priority) ਤਕਨੀਕ ਵੀ ਬੱਸਾਂ 'ਤੇ ਲਗਾਈ ਗਈ ਹੈ, ਜੋ ਬੱਸ ਨੂੰ ਕੁਝ ਚੌਰਾਹਿਆਂ 'ਤੇ ਹਰੇ ਸਿਗਨਲ ਨੂੰ ਲੰਮਾ ਕਰਨ ਅਤੇ ਲਾਲ ਸਿਗਨਲ ਨੂੰ ਛੋਟਾ ਕਰਨ ਦੀ ਇਜਾਜ਼ਤ ਦਿੰਦੀ ਹੈ, ਜਿਸਦੇ ਸਿੱਟੇ ਵਜੋਂ ਸਮਾਂ-ਸੂਚੀ ਦੀ ਭਰੋਸੇਯੋਗਤਾ ਵਿੱਚ ਵਾਧਾ ਹੁੰਦਾ ਹੈ।

ਸਮਾਰਟ ਸਿਟੀਜ ਮੁਕਾਬਲੇ ਨੂੰ ਜਿੱਤਣ ਲਈ ਜਨਤਕ ਭਾਗੀਦਾਰੀ ਦੁਆਰਾ ਮੌਜੂਦਾ ਸਮੱਸਿਆਵਾਂ ਨੂੰ ਸਮਝਣਾ ਜ਼ਰੂਰੀ ਹੈ। ਯੋਜਨਾਬੰਦੀ ਦ੍ਰਿਸ਼ਟੀਕੋਣ (Planning Vision) ਢਾਂਚੇ ਦੇ ਹਿੱਸੇ ਦੇ ਤੌਰ 'ਤੇ, ਸਿਟੀ ਨੇ ਸੋਸ਼ਲ ਮੀਡੀਆ ਦੁਆਰਾ 11,000 ਤੋਂ ਵੱਧ ਨਿਵਾਸੀਆਂ ਨੂੰ ਸ਼ਾਮਲ ਕਰਦੇ ਹੋਏ ਅਤੇ 420,000 ਕਾਰਪੋਰੇਟ ਰਾਏ ਹਾਸਲ ਕਰਦੇ ਹੋਏ, ਇੱਕ ਬੇਮਿਸਾਲ ਜਨਤਕ ਭਾਗੀਦਾਰੀ ਪ੍ਰੋਗਰਾਮ ਦੀ ਜ਼ਿੰਮੇਵਾਰੀ ਲਈ ਹੈ। ਇਸ ਸ਼ਾਨਦਾਰ ਜਨਤਕ ਭਾਗੀਦਾਰੀ ਪ੍ਰੋਗਰਾਮ ਨੂੰ 2016 ਦੇ ਨੌਜਵਾਨ ਭਾਗੀਦਾਰੀ ਸਰਵੇਖਣ (2016 Youth Engagement Survey), 2017 ਦੇ ਨਾਗਰਿਕ ਸ਼ਮੂਲੀਅਤ ਸਰਵੇਖਣ (2017 Citizen Engagement Survey) ਅਤੇ ਹੋਰ ਹਾਲੀਆ ਜਨਸੰਖਿਆ ਸਬੰਧੀ ਅੰਕੜਿਆਂ ਵਿੱਚ ਵੀ ਪ੍ਰਸ਼ੰਸਾ ਮਿਲੀ ਹੈ। ਇਹਨਾਂ ਡੇਟਾ ਸਰੋਤਾਂ ਤੋਂ ਪ੍ਰਾਪਤ ਨਤੀਜੇ (ਆਉਟਪੁਟ) ਇੱਕ ਮੁਕਾਬਲਾ ਸਟੇਟਮੈਂਟ ਵਿਕਸਿਤ ਕਰਨ ਲਈ ਭਾਈਚਾਰੇ ਦੇ ਨਾਲ ਸਾਂਝੇਦਾਰੀ 'ਤੇ ਆਧਾਰਿਤ ਹੋਣਗੇ।

ਆਪਣੇ ਸਮਾਰਟ ਸਿਟੀਜ ਮੁਕਾਬਲੇ ਸਬੰਧੀ ਪ੍ਰਸਤਾਵ ਨੂੰ ਵਿਕਸਿਤ ਕਰਨ ਵਿੱਚ, ਸਿਟੀ ਇਹ ਨਿਰਧਾਰਤ ਕਰਨ ਵਿੱਚ ਨਿਵਾਸੀਆਂ ਨੂੰ ਸਕਿਰਿਆ ਰੂਪ ਨਾਲ ਜੋੜਨਾ ਜਾਰੀ ਰੱਖੇਗਾ ਕਿ ਅਸੀਂ ਉਹਨਾਂ ਲੋਕਾਂ 'ਤੇ ਕਿਵੇਂ ਵਧੀਆ ਅਸਰ ਪਾ ਸਕਦੇ ਹਾਂ, ਜੋ ਬ੍ਰੈਂਪਟਨ ਨੂੰ ਆਪਣਾ ਘਰ ਕਹਿੰਦੇ ਹਨ। ਸ਼ਾਮਲ ਹੋਣ ਦੇ ਮੌਕਿਆਂ ਬਾਰੇ ਤਾਜ਼ਾ ਜਾਣਕਾਰੀ ਪ੍ਰਾਪਤ ਕਰਦੇ ਰਹੋ।

ਮੁਕਾਬਲੇ ਦੀਆਂ ਬੇਨਤੀਆਂ 24 ਅਪ੍ਰੈਲ, 2018 ਨੂੰ ਸ਼ੁਰੂ ਹੋਣਗੀਆਂ। ਇੱਕ ਸੁਤੰਤਰ ਜਿਊਰੀ ਗਰਮੀ ਦੀ ਰੁੱਤ 2018 ਤੱਕ ਆਖ਼ਰੀ ਦੌਰ ਦੇ ਭਾਗੀਦਾਰਾਂ ਦੀ ਚੋਣ ਕਰੇਗੀ। ਆਖ਼ਰੀ ਦੌਰ ਦੇ ਭਾਗੀਦਾਰ ਆਪਣੇ ਅੰਤਿਮ ਪ੍ਰਸਤਾਵ ਨੂੰ ਵਿਕਸਿਤ ਕਰਨ ਲਈ $250,000 ਦੀ ਗ੍ਰਾਂਟ ਪ੍ਰਾਪਤ ਕਰਨਗੇ, ਜੋ ਕਿ ਸਰਦੀ ਦੀ ਰੁੱਤ 2018-19 ਤੱਕ ਜਮ੍ਹਾਂ ਕੀਤੇ ਜਾਣੇ ਹਨ। ਜੇਤੂਆਂ ਦੀ ਘੋਸ਼ਣਾ ਬਸੰਤ ਰੁੱਤ 2019 ਵਿੱਚ ਕੀਤੀ ਜਾਏਗੀ।

**ਹਵਾਲੇ:**

“ਇਹ, ਅਮਾਜ਼ੋਨ H2Q (Amazon H2Q) ਬੋਲੀ ਵਾਂਗ, ਸਾਡੇ ਸ਼ਹਿਰ ਨੂੰ ਨਵੀਨਤਾ ਅਤੇ ਉੱਤਮਤਾ ਵਿੱਚ ਪ੍ਰਮੁੱਖ ਬਣਨ ਦਾ ਦੂਜਾ ਰੋਮਾਂਚਕ ਮੌਕਾ ਹੈ। ਪਿਛਲੇ ਸਾਲ, ਅਸੀਂ ਬੇਮਿਸਾਲ ਜਨਤਕ ਭਾਗੀਦਾਰੀ ਦੀ ਕੋਸ਼ਿਸ਼ ਕੀਤੀ—ਇਸਨੇ ਬਿਹਤਰ ਸਮਝ ਅਤੇ ਸਾਡੇ ਨਿਵਾਸੀਆਂ ਦੀਆਂ ਜ਼ਿੰਦਗੀਆਂ ਨੂੰ ਬਿਹਤਰ ਬਣਾਉਣ ਵਿੱਚ ਸਾਡੀ ਮਦਦ ਕੀਤੀ।”

- ਮੇਅਰ ਲਿੰਡਾ ਜੈਫਰੀ (Linda Jeffrey)

“ਸਿਟੀ ਆਫ ਬ੍ਰੈਂਪਟਨ ਵੱਡਾ ਸੋਚ ਰਿਹਾ ਹੈ। ਅਸੀਂ ਆਪਣੇ ਹਰ ਕੰਮ ਵਿੱਚ ਨਵੀਨਤਾ, ਲੋਕਾਂ ਨੂੰ ਜੋੜਨ ਦੀ ਨੀਤੀ ਅਤੇ ਦਲੇਰੀ ਲਈ ਵਚਨਬੱਧ ਹਾਂ। ਸਟਾਫ਼ ਸਮਾਰਟ ਸਿਟੀ ਮੁਕਾਬਲੇ ਵਿੱਚ ਹਿੱਸਾ ਲੈ ਕੇ ਇਸਨੂੰ ਦਰਸਾਉਣ ਦੇ ਮੌਕੇ ਦਾ ਸੁਆਗਤ ਕਰਦਾ ਹੈ ਅਤੇ ਵਿਆਪਕ ਭਾਈਚਾਰਕ ਭਾਗੀਦਾਰੀ ਦੇ ਯਤਨਾਂ, ਜੋ ਅਸੀਂ ਡੇਟੇ ਅਤੇ ਜੁੜੀ ਹੋਈ ਤਕਨੀਕ ਦੀ ਵਰਤੋਂ ਦੁਆਰਾ ਨਿਵਾਸੀਆਂ ਦੀਆਂ ਜ਼ਿੰਦਗੀਆਂ ਨੂੰ ਬਿਹਤਰ ਬਣਾਉਣ ਲਈ ਪਿਛਲੇ ਸਾਲ ਕੀਤੇ ਹਨ, ਦਾ ਲਗਾਤਾਰ ਨਿਰਮਾਣ ਕਰਨ ਦੀ ਆਸ ਕਰਦਾ ਹੈ।”

- ਹੈਰੀ ਸ਼ਲੈਂਗ (Harry Schlange), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ

-30-

BRAMPTON Flower City brampton.ca

media release

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।


**ਮੀਡੀਆ ਸੰਪਰਕ**

ਨੈਟਲੀ ਸਟੋਗਡਿਲ (Natalie Stogdill)

ਮੀਡੀਆ ਕੋਆਰਡੀਨੇਟਰ

ਸਿਟੀ ਆਫ ਬ੍ਰੈਂਪਟਨ

905.874.3654 | natalie.stogdill@brampton.ca